T-19

ਜੈ ਗੁਰਦੇਵ! ਧੰਨ ਗੁਰਦੇਵ!



# ਤ੍ਰੈਕਾਲਦਰਸ਼ੀ ਭਗਵਾਨ ਵਾਲਮੀਕਿ ਜੀ

ਪ੍ਰਕਾਸ਼ਕ:

ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)

ਹੈਡ ਆਫ਼ਿਸ : ਐਨ. ਬੀ. 180, ਪ੍ਰੀਤ ਨਗਰ, ਸੋਢਲ ਰੋਡ, ਜਲੰਧਰ - 144004

ਸਬ ਆਫ਼ਿਸ : ਪਿੰਡ ਤੇ ਡਾ: ਬਿਨਪਾਲਕੇ, ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ - 144201

ਟ੍ਰੈਕਟ ਨੰ: 19 ਕੀਮਤ - ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ ਪਹਿਲੀ ਵਾਰ 2000, ਅਕਤੂਬਰ 2010

ਵਿਸ਼ਵ ਦਾ ਪਹਿਲਾ ਕਾਵਿ-ਗ੍ਰੰਥ

# ਯੋਗਵਸ਼ਿਸ਼ਟ ਮਹਾਰਾਮਾਇਣ

- ਡਾ. ਲੇਖਰਾਜ ਪਰਵਾਨਾ

ਸੁਪ੍ਰਸਿੱਧ ਵਿਦਵਾਨ ਸੁਆਮੀ ਰਾਮਤੀਰਥ ਜੀ ਲਿਖਦੇ ਹਨ, ਇਸ ਧਰਤੀ ਉੱਤੇ ਸੂਰਜ ਦੇ ਥੱਲੇ ਸ੍ਰੀ ਯੋਗਵਿਸ਼ਸ਼ਟ ਗ੍ਰੰਥ, ਇਕ ਐਸਾ ਮਹਾਨ ਗ੍ਰੰਥ ਹੈ, ਜਿਸ ਨੂੰ ਸਮਝਣ ਤੋਂ ਬਿਨਾਂ ਮਨੁੱਖ ਪਰਮ ਤੱਤ ਅਤੇ ਚੇਤਨਤਾ ਦੀ ਪ੍ਰਾਪਤੀ ਨਹੀਂ ਕਰ ਸਕਦਾ।

ਵਿਸ਼ਵ ਦਾ ਇਹ ਇਕ ਪਹਿਲਾ ਕਾਵਿ-ਗ੍ਰੰਥ ਹੈ ਜਿਸ ਦੇ ਆਧਾਰ 'ਤੇ ਇਸ ਗ੍ਰੰਥ ਦੇ ਲੇਖਕ ਮਹਾਰਿਸ਼ੀ ਵਾਲਮੀਕ ਜੀ ਨੂੰ ਸੰਸਾਰ ਦਾ ਪਹਿਲਾ ਕਵੀ ਮੰਨਿਆ ਗਿਆ ਹੈ, ਕਿਉਂਕਿ ਇਸ ਗ੍ਰੰਥ ਦੇ ਪਾਠ-ਖੇਤਰ ਵਿੱਚ ਬਹੁਤ ਸਾਰੀ ਛੰਦ-ਰਚਨਾ ਮਿਲਦੀ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਕਾਵਿ-ਖੇਤਰ ਦਾ ਕਲਾ ਸੂਤਰ ਵੀ ਇਸੇ ਮਹਾਨ ਸ਼ਖਸੀਅਤ ਦੇ ਹਿੱਸੇ ਆਇਆ ਹੋਵੇਗਾ। ਜੇਕਰ ਛੰਦ ਰਚਨਾ ਵਿਧਾਨ ਦੇ ਵਿਧਾਨਕਾਰ ਮਹਾਂਰਿਸ਼ੀ ਵਾਲਮੀਕ ਹਨ ਤਾਂ ਫਿਰ ਕਾਵਿ-ਵਿਆਕਰਣ , ਕਾਵਿ-ਸ਼ਾਸਤਰ, ਕਾਵਿ-ਸ਼ੈਲੀ ਅਤੇ ਕਾਵਿਕ ਸੁਰਬੱਧਤਾ ਦਾ ਸੰਪੂਰਨ ਗਿਆਨ ਵੀ ਇਸੇ ਮਹਾਨ ਸ਼ਖਸੀਅਤ ਨੂੰ ਹੋਇਆ ਹੋਵੇਗਾ।ਇਸ ਕਥਨ ਤੋਂ ਇਹ ਗੱਲ ਵੀ ਸਪੱਸ਼ਟ ਹੁੰਦੀ ਹੈ ਕਿ ਜੋ ਕਵੀ ਹੁੰਦਾ ਹੈ, ਉਹ ਸ਼ਬਦਾਂ ਅਤੇ ਭਾਵਾਂ ਦੇ ਤੋਲ-ਤੁਕਾਂਤ ਦੀ ਪੂਰੀ ਵਾਕਫੀਅਤ ਰੱਖਦਾ ਹੁੰਦਾ ਹੈ। ਇਹ ਪਰਪੱਕ ਕਵੀਆਂ ਦੀ ਗੱਲ ਹੈ। ਜੇਕਰ ਕਵੀ ਸ਼ਬਦਾਂ ਅਤੇ ਭਾਵਾ ਦੇ ਤੋਲ-ਤੋਕਾਂਤ ਨੂੰ ਪੂਰੀ ਤਰਾਂ ਸਮਝਣ ਵਾਲਾ ਹੋਵੇਗਾ ਤਾਂ ਉਸ ਨੂੰ ਸੁਰ-ਤਾਲ ਦੀ ਪੂਰੀ ਸੂਝ ਹੋਵੇਗੀ। ਸੁਰ-ਤਾਲ ਦੀ ਪੂਰੀ ਸੂਝ ਰੱਖਣ ਵਾਲਾ ਹੀ ਭਾਂਤ-ਭਾਂਤ ਦੇ ਸ਼ਬਦਾਂ ਨੂੰ ਜੋੜਨ ਦੀ ਸੰਪੂਰਨ ਕਾਰੀਗਰੀ ਰੱਖਦਾ ਹੋਵੇਗਾ। ਸਿੱਟਾ ਇਹ ਨਿਕਲਿਆ ਕਿ ਯੋਗਵਸ਼ਿਸ਼ਟ ਦਾ ਸਿਰਜਕ ਨਾ ਕੇਵਲ ਕਾਵਿ ਸ਼ਾਸ਼ਤਰ ਦਾ ਮਾਹਿਰ ਸੀ, ਉਹ ਭਾਵਾਂ ਤੇ ਸ਼ਬਦਾਂ ਨੂੰ ਜੋੜਨ ਅਤੇ ਸੁਰ-ਤਾਲ ਦੀ ਰੀਤੀ ਕਾਵਿ ਦੀ ਕਸੌਟੀ ਵੀ ਰੱਖਦਾ ਸੀ ਅਤੇ ਸੰਗੀਤਾਤਮਕਤਾ ਦੀ ਪੂਰੀ ਸੋਝੀ ਵੀ ਰੱਖਦਾ ਹੋਵੇਗਾ। ਉਹ ਕਵੀ ਵੀ ਸੀ, ਸੰਗੀਤਕਾਰ ਵੀ, ਕਾਵਿ-ਛੰਦ ਮੰਜਰੀ ਦਾ ਮਾਹਿਰ ਵੀ ਸੀ ਅਤੇ ਅਧਿਆਤਮਕ ਗਿਆਨ ਦੀ ਵੀ ਉਸ ਅੰਦਰ ਕੋਈ ਘਾਟ ਨਹੀਂ ਸੀ।ਗੱਦ ਰਚਨਾ ਕਰਨ ਲਈ ਗਿਆਨ ਅਤੇ ਧਿਆਨ ਦੀ ਸੰਪੂਰਨਤਾ ਦੀ ਜ਼ਰੂਰਤ ਹੁੰਦੀ ਹੈ, ਜਿਵੇਂ ਕਹਾਣੀ ਰਚਨਾ, ਲ਼ੰਬੀ ਕਹਾਣੀ (ਨਾਵਲ), ਨਾਟਕ, ਟਿਪਣੀਆਂ, ਲੇਖ ਵਰਗੇ ਸਾਹਿਤ ਰੂਪਾਂ ਲਈ ਵਰਨਨ-ਬਿਰਤੀ ਵਾਲੇ ਗੁਣਾਂ ਦੀ ਜ਼ਰੂਰਤ ਹੈ, ਉਸੇ ਤਰਾਂ ਗੱਦ ਰਚਨਾ ਦੇ ਅਨੇਕ ਰੂਪਾਂ ਅਤੇ ਸਰੂਪਾਂ ਦੇ ਢਾਂਚੇ ਦੀ ਜਾਣਕਾਰੀ ਦਾ ਹੋਣਾ ਵੀ ਜ਼ਰੂਰੀ ਹੈ ਤਾਂ ਹੀ ਕੋਈ ਵਧੀਆ ਗੱਦਕਾਰ ਜਾਂ ਗੱਦ ਲੇਖਕ ਬਣ ਸਕਦਾ ਹੈ। ਜਿਸ ਤਰ੍ਹਾਂ ਪਦ ਰਚਨਾ ਬਹੁਤ ਸਾਰੀ ਸਮੱਗਰੀ ਮਨ ਦੇ ਭੰਡਾਰ ਵਿਚ ਹੋਣੀ ਚਾਹੀਦੀ ਹੈ, ਉਸੇ ਤਰ੍ਹਾਂ ਗੱਦ ਰਚਨਾਕਾਰ ਲਈ ਵੀ ਜ਼ਰੂਰੀ ਜਾਬਤੇ ਤਕਨੀਕ ਸਿਧਾਂਤ, ਰੁਚੀਆਂ ਅਤੇ ਰਵਾਇਤਾਂ ਦੇ ਗਿਆਨ ਦਾ ਹੋਣਾ ਜ਼ਰੂਰੀ ਹੈ।

ਪਰ ਇਹ ਗੱਲ ਜ਼ਰੂਰ ਮੰਨਣਯੋਗ ਹੈ ਕਿ ਗਦ-ਰਚਨਾ ਨਾਲੋਂ ਪਦ-ਰਚਨਾ ਕਰਨੀ ਜ਼ਿਆਦਾ ਕਠਿਨ ਹੈ, ਉਸ ਵਿਚ ਬਹੁਤ ਜ਼ਾਬਤੇ ਅਤੇ ਸਿਧਾਂਤਾਂ ਨੂੰ ਦ੍ਰਿਸ਼ਟੀਗਤ ਕਰਨਾ ਪੈਂਦਾਂ ਹੈ। ਅਰਥਾਤ ਕਵੀ ਨੂੰ ਗਦਕਾਰ ਨਾਲੋ ਜ਼ਿਅਦਾ ਗਿਆਨੀ ਅਤੇ ਮਾਹਿਰ ਹੋਣ ਦੀ ਲੋੜ ਹੁੰਦੀ ਹੈ। ਕਾਵਿ-ਰਚਨਾ ਵਿਚ ਕਹਾਣੀ ਤਾਂ ਹੁੰਦੀ ਹੀ ਹੈ, ਭਾਵੇਂ ਉਹ ਸੰਖੇਪ ਤੋਂ ਸੰਖੇਪ ਹੋਵੇ। ਬਿਨਾਂ ਕਹਾਣੀ ਕਾਵਿ ਆਤਮਾ ਨਹੀਂ ਉਘੜਦੀ, ਭਾਵਾਂ ਦਾ ਪ੍ਰਗਟਾਉ ਨਹੀਂ ਹੁੰਦਾ।ਕਵੀ ਲਈ ਗਦਕਾਰ ਦੇ ਗੁਣ ਰੱਖਣੇ ਲਾਜ਼ਮੀ ਹਨ, ਪਰ ਗਦਕਾਰ 'ਤੇ ਇਹ ਸ਼ਰਤ ਲਾਗੂ ਨਹੀਂ ਹੁੰਦੀ।ਉਰੋਕਤ ਵਿਚਾਰ ਤੋਂ ਇਹ ਗੱਲ ਨਿੱਖਰ ਕੇ ਸਾਹਮਣੇ ਆਉਂਦੀ ਹੈ ਕਿ ਕਵੀ

ਗਦਕਾਰ ਨਾਲੋਂ ਜ਼ਿਆਦਾ ਬਲਵਾਨ ਗਿਆਨੀ ਹੁੰਦਾ ਹੈ। ਗਦ ਸਾਹਿਤ ਦਾ ਗਿਆਨੀ ਹੋਣਾ ਕਵੀ ਲਈ ਜ਼ਰੂਰੀ ਹੈ। ਭਾਵੇਂ ਕੋਈ ਇਸ ਜ਼ਰੂਰਤ ਨੂੰ ਮਹਿਸੂਸ ਕਰੇ ਜਾਂ ਨਾ, ਪਰ ਸਾਡੀ ਜਾਚੇ ਜੇਕਰ ਕਵੀ ਕੋਲ ਕਹਾਣੀ ਕਹਿਣ ਦਾ ਢੰਗ ਹੋਵੇ, ਵਾਰਤਾਲਾਪ ਨੂੰ ਸੁੰਦਰ ਗੱਲਬਾਤੀ ਢੰਗ ਨਾਲ ਪ੍ਰਸਤੁਤ ਕਰਨ ਦਾ ਬਲ ਹੋਵੇ ਅਤੇ ਸੰਗੀਤ ਦੀ ਸਰਸਤਾ ਅਤੇ ਮਰਮਤਾ ਦੀ ਸੋਝੀ ਹੋਵੇ ਤਾਂ ਉਸ ਕਵੀ ਨੂੰ ਸੰਪੂਰਨ ਕਵੀ ਮੰਨਿਆ ਜਾਂਦਾ ਹੈ। ਇਹ ਗੁਣ ਅਸੀਂ ਵੈਦਿਕ ਸਾਹਿਤਕਾਰਾਂ ਵਿਚ ਵੀ ਦੇਖਦੇ ਹਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਭਰਪੂਰਤਾ ਤਾਂ ਆਦਿ ਕਾਲ ਤੋਂ ਚੱਲੀ ਆ ਰਹੀ ਹੈ। ਯੋਗਵਸ਼ਿਸ਼ਟ ਅਤੇ ਰਮਾਇਣ ਦੋਹਾਂ ਗ੍ਰੰਥਾਂ ਵਿਚ ਇਹ ਗੁਣ ਵਿਦਮਾਨ ਹੈ। ਇਹਨਾਂ ਵਿਚ ਸਾਹਿਤ ਵੀ ਹੈ, ਸੰਗੀਤ ਵੀ ਹੈ, ਬੌਧਿਕਤਾ ਵੀ ਹੈ ਅਤੇ ਭਾਵਕਤਾ ਦੀ ਕਿੱਧਰੇ ਕਮੀ ਮਹਿਸੂਸ ਨਹੀਂ ਹੁੰਦੀ। ਇਹ ਰਚਨਾਵਾਂ ਅਮਰ ਵੀ ਇਸ ਕਰਕੇ ਹੀ ਹੋਈਆਂ ਹਨ। ਅੱਜ ਦਾ ਕਵੀ ਮਿਹਨਤ ਨਹੀ ਕਰਦਾ। ਉਸ ਨੂੰ ਕਵੀ ਬਨਣ ਦੀ ਰੀਝ ਤਾਂ ਹੈ, ਪਰ ਗਿਆਨ, ਬੁੱਧੀ, ਸੁਰ-ਤਾਲ ਦਾ ਸਿਧਾਂਤ, ਕਾਵਿਕ ਪ੍ਰਸਤੁਤੀ ਅਤੇ ਗੈਬੀ ਗਿਆਨ ਦੀ ਘਾਟ ਮਾਲੂਮ ਹੁੰਦੀ ਹੈ।ਸੰਸਕ੍ਰਿਤ ਸਾਹਿਤ ਇਕ ਗਿਆਨ ਦਾ ਸਮੁੰਦਰ ਹੈ, ਸਾਹਿਤਕ ਪ੍ਰਵਿਰਤੀਆਂ ਅਤੇ ਕਾਵਿਕ ਰੂਪਾਂ ਦਾ ਇਕ ਅਨੁਪਮ ਨਮੂਨਾ ਹੈ। ਜਿੰਨੀ ਗਹਿਰੀ ਅਤੇ ਉਚਾਈ ਭਾਵਾਂ ਤੇ ਬੁੱਧੀ ਦੇ ਸੁਮੇਲ ਲਈ ਪ੍ਰਯੁਕਤ ਕੀਤੀ ਗਈ ਹੈ, ਉਹ ਅਜੋਕੇ ਵਰਤਮਾਨ ਸਾਹਿਤ ਵਿਚ ਘੱਟ ਮਿਲਦੀ ਹੈ। ਸ਼ਾਇਦ ਅਸੀਂ ਹੁਣ ਅਧਿਐਨ ਪ੍ਰਵਿਰਤੀ ਤੋਂ ਕੰਨੀ ਕਤਰਾਉਣ ਲੱਗ ਪਏ ਹਾਂ। ਪ੍ਰਮਾਣਿਕ ਸਾਹਿਤ ਅਤੇ ਪ੍ਰਪੱਕ ਜੀਵਨ ਕਥਨਾਂ ਦੀ ਤਕਨੀਕ ਦੀ ਵਰਤੋਂ ਨਾ ਕਰਨ ਦਾ ਇਹ ਪ੍ਰਤੀਫਲ ਹੈ।

ਜਦੋਂ ਰਾਮਾਇਣ ਦਾ ਅਧਿਐਨ ਕਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਭਗਵਾਨ ਵਾਲਮੀਕ ਜੀ ਨੇ ਸ੍ਰੀ ਰਾਮ ਚੰਦਰ ਦੀ ਪਤਨੀ ਸੀਤਾ ਜੀ ਦੇ ਦੋਹਾਂ ਬੱਚਿਆਂ ਨੂੰ ਅਧਿਆਤਮਕ ਗਿਆਨ ਦੇ ਨਾਲ ਨਾਲ ਯੁੱਧ ਵਿਦਿਆ ਵੀ ਦਿੱਤੀ।ਤੀਰ ਕਮਾਨ ਦੀ ਸਿਖਲਾਈ ਤੋਂ ਇਲਾਵਾ ਹੋਰ ਯੁੱਧ-ਜੁਗਤੀਆਂ, ਅਸ਼ਤਰਾਂ ਤੇ ਸ਼ਾਸ਼ਤਰਾਂ ਦੀ ਸਿਖਿਆ ਨਾਲ ਵੀ ਇਨ੍ਹਾਂ ਭਰਾਵਾਂ ਨੂੰ ਭਰਪੂਰ ਕੀਤਾ ਸੀ। ਇਸ ਦੇ ਨਾਲ ਜੇ ਭਗਤੀ ਮਾਰਗ ਦੀਆਂ ਸਾਰੀਆਂ ਜੁਗਤਾਂ ਵਿਸ਼ੇਸ਼ਤਾਵਾਂ ਅਤੇ ਪੇਚੀਦਗੀਆਂ ਤੋਂ ਇਲਾਵਾ ਧਰਮ ਵਿਗਿਆਨ, ਆਤਮ ਵਿਗਿਆਨ, ਸੰਗੀਤ ਸ਼ਾਸ਼ਤਰ ਅਤੇ ਗਾਇਨ ਸਿਖਿਆ ਨਾਲ ਵੀ ਸੰਪੂਰਨਤਾ ਪ੍ਰਦਾਨ ਕੀਤੀ ਸੀ। ਇਸ ਸਾਰੇ ਕੁਝ ਦਾ ਸਬੂਤ ਉਸ ਸਮੇਂ ਮਿਲਦਾ ਹੈ ਜਦੋਂ ਲਵ-ਕੁਸ਼ ਦਾ ਯੁੱਧ ਸ੍ਰੀ ਰਾਮ ਚੰਦਰ ਅਤੇ ਉਸ ਦੀ ਸੈਨਾ ਨਾਲ ਹੁੰਦਾ ਹੈ। ਹਨੂੰਮਾਨ ਵਰਗੇ ਯੋਧਿਆਂ ਨੂੰ ਮੰਤਰੇ ਹੋਏ ਕੱਚੇ ਧਾਗੇ ਨਾਲ ਬੰਨ੍ਹ ਲਿਆ ਸੀ ਅਤੇ ਰਾਜ-ਪਾਸਾਰ ਦੇ ਮਨੋਰਥ ਲਈ ਛੱਡਿਆ ਗਿਆ ਘੋੜਾ ਪਕੜ ਕੇ ਬੰਨ੍ਹ ਲਿਆ ਸੀ। ਪਹਿਲੇ ਹੱਲੇ ਦੀ ਲੜਾਈ ਇਕੱਲੇ ਲਵ ਨੇ ਕੀਤੀ ਤੇ ਫਿਰ ਦੂਜੇ ਅਤੇ ਤੀਜੇ ਹੱਲੇ ਦੀ ਲੜਾਈ ਦੋਹਾਂ ਭਰਾਵਾਂ ਨੇ ਇਕੱਠੀ ਜਿੱਤੀ ਸੀ। ਪਤਾ ਲਗਦਾ ਹੈ ਕਿ ਮਹਾਂਰਿਸ਼ੀ ਵਾਲਮੀਕ ਜੀ ਦੀ ਵਿਦਿਆ ਅਤੇ ਸਿੱਖਿਆ ਕਿੰਨੀ ਮਜ਼ਬੂਤ, ਠੋਸ ਅਤੇ ਅਜਿਤ ਮੂਲਕ ਸੀ। ਯੁੱਧ ਕਲਾ ਦੀ ਪ੍ਰਬੀਨਤਾ ਦੇ ਨਾਲ-ਨਾਲ ਮਰਿਆਂ ਨੂੰ ਜਿਊਂਦਾਂ ਕਰਨ ਅਤੇ ਜ਼ਖਮੀਆਂ ਨੂੰ ਤੰਦਰੁਸਤੀ ਦੇਣ ਦੀ ਸਮਰੱਥਾ ਅਤੇ ਸ਼ਕਤੀ ਵੀ ਇਸ ਮਹਾਨ ਸ਼ਖਸੀਅਤ ਦੇ ਕੋਲ ਸੀ। ਅੰਮ੍ਰਿਤ ਤਿਆਰ ਕਰਨ ਦੀ ਵਿਧੀ ਅਤੇ ਅੰਮ੍ਰਿਤ ਨੂੰ ਸੰਭਾਲਣ ਦੀ ਹੋਸ਼ ਅਤੇ ਤਕਨੀਕ ਕਿੰਨੀ ਬਲਵਾਨ, ਪੱਕੀ, ਸੱਚੀ ਅਤੇ ਅਮ੍ਰਿੰਤਤਵ ਸ਼ਕਤੀ ਸੀ। ਇਹ ਸ਼ਕਤੀ ਅੱਜ ਵੀ ਅੰਮ੍ਰਿਤਸਰ ਸ਼ਹਿਰ ਦੀ ਧਰਤੀ ਅਤੇ ਗੁਰੂ ਅਸਥਾਨ ਦੀ ਅਮਰ ਯਾਦਗਾਰ ਦਾ ਕਾਇਮ ਹੋਇਆ ਰਹਿਣਾ ਹੈ।

ਜਦੋਂ ਅਕਸ਼ਰਲਕਸ਼ ਗ੍ਰੰਥ ਦੀ ਜਾਣਕਾਰੀ ਮਿਲਦੀ ਹੈ ਤਾਂ ਪਤਾ ਲੱਗਦਾ ਹੈ ਕਿ ਇਸ ਗ੍ਰੰਥ ਵਿੱਚ 135 ਵਿਸ਼ਿਆਂ ਬਾਰੇ ਸਵਿਸਥਾਰ ਵਿਆਖਿਆ ਦਿੱਤੀ ਗਈ ਹੈ। ਇਨ੍ਹਾਂ ਵਿਸ਼ਿਆਂ ਵਿੱਚ ਗਣਿਤ ਦੀਆਂ ਪ੍ਰਣਾਲੀਆਂ, ਵਿਗਿਆਨ ਦੇ ਵਿਕਾਸ ਤੇ ਫਾਰਮੂਲੇ ਅਤੇ ਵਸਤੂ ਸ਼ਾਸਤਰ ਦੀ ਮਹਿਕ ਮਿਲਦੀ ਹੈ। ਤਾਰਾ ਵਿਗਿਆਨ, ਕਾਵਿ-ਸ਼ਾਸਤਰ ਅਤੇ ਭਵਿਸ਼ਬਾਣੀ ਸੂਤਰਾਂ ਵਲ ਵੀ ਪੂਰੀ ਜਾਣਕਾਰੀ ਪ੍ਰਾਪਤ ਹੋਣ ਦਾ ਸਬੂਤ

ਮਿਲਦਾ ਹੈ, ਜੇਕਰ ਉਹ ਸੰਸਾਰ ਦੇ ਪਹਿਲੇ ਕਵੀ ਹਨ, ਪਹਿਲੇ ਕਲਾਕਾਰ ਅਤੇ ਪਹਿਲੇ ਸੰਗੀਤਕਾਰ ਅਤੇ ਯੁੱਧ-ਸਮਰਾਟ ਜੁਗਤੀਆਂ ਦੇ ਮਾਲਕ ਰਹੇ ਹਨ ਤਾਂ ਫਿਰ ਕਾਵਿ-ਸੰਸਾਰ ਦੇ ਮਸਲਿਆਂ ਬਾਰੇ, ਛੰਦ-ਬੰਦੀ ਬਾਰੇ ਅਤੇ ਰੂਪਕ ਅਤੇ ਕਲਾ ਬਾਰੇ ਵੀ ਉਹਨਾਂ ਦਾ ਗ੍ਰੰਥ ਜ਼ਰੂਰੀ ਹੋਵੇਗਾ, ਜੋ ਅਜੇ ਉਪਲੱਬਧ ਨਹੀਂ ਹੋ ਰਿਹਾ।ਪਰ ਇਸ ਗੱਲ ਨੂੰ ਵਿਦਵਾਨਾਂ ਨੇ ਜ਼ਰੂਰ ਪਰਵਾਨ ਕਰ ਲਿਆ ਹੈ ਕਿ ਇਸ ਮਹਾਨ ਵਿਅਕਤੀ ਦੀ ਸਮੂਹ ਕਲਾ ਪਰਚੰਡਤਾ, ਅਧਿਆਤਮ ਗਿਆਨ ਅਤੇ ਵਿਗਿਆਨ ਤੋਂ ਉਸ ਦੇ ਸਮਕਾਲੀ ਸਮਾਜ ਨੂੰ ਜ਼ਰੂਰ ਗਿਆਨ ਹੋਇਆ ਹੋਵੇਗਾ। ਜਿਵੇਂ ਭਗਵਾਨ ਕ੍ਰਿਸ਼ਨ ਨੇ ਪਾਂਡੋ ਭਾਈਆਂ ਨੂੰ ਸਮਝਾਇਆ ਕਿ ਜੇਕਰ ਉਹ ਆਪਣੇ ਯੱਗ ਦੀ ਸੰਪੂਰਨਤਾ ਚਾਹੁੰਦੇ ਹਨ ਤਾਂ ਉਹ ਮਹਾਂਰਿਸ਼ੀ ਵਾਲਮੀਕ ਜੀ ਦੀ ਰਹਿਨੁਮਾਈ ਅਤੇ ਸੇਧ ਲੈ ਕੇ ਚੱਲਣ। ਇਸ ਤਰਾਂ ਹੀ ਹੋਇਆ ਭਗਵਾਨ ਵਾਲਮੀਕ ਜੀ ਨੇ ਹੀ ਪਾਂਡਵਾਂ ਦਾ ਯੱਗ ਸੰਪੂਰਨ ਕੀਤਾ ਸੀ। ਇਸ ਦਾ ਅਰਥ ਇਹ ਹੋਇਆ ਕਿ ਉਹ ਇਸ ਯੋਗ- ਮੰਡਲ ਦੇ ਵੀ ਮਾਹਿਰ ਸਨ। ਅਰਥਾਤ ਇਕ ਪ੍ਰਕਾਰ ਆਪਣੇ ਸਮੇ ਦੇ ਮਹਾਂਪੰਡਿਤ ਸਨ। ਪੰਡਿਤ ਕਿਸੇ ਜਾਤੀ ਦਾ ਨਾਮ ਨਹੀਂ ਹੈ।ਯੱਗ-ਸ਼ਾਲਾ, ਯੱਗ-ਸਾਮੱਗਰੀ ਅਤੇ ਲੋੜੀਂਦੇ ਜ਼ਾਬਤੇ ਮਹਾਂਰਿਸ਼ੀ ਵਾਕਲਮੀਕ ਜੀ ਨੂੰ ਆਉਂਦੇ ਸਨ ਤਾਂ ਹੀ ਵਾਸੂਦੇਵ ਕ੍ਰਿਸ਼ਨ ਨੇ ਪਾਂਡਵਾਂ ਨੂੰ ਠੀਕ ਸਲਾਹ ਦੇ ਕੇ ਯੱਗ ਸੰਪੂਰਨ ਕਰਵਾਇਆ ਸੀ ।

ਇਹਨਾਂ ਸਾਰੇ ਕਲਾਕਾਰੀ ਗੁਣਾਂ ਤੋਂ ਇਲਾਵਾ ਇਕ ਬਹੁਤ ਹੀ ਸ਼ਲਾਂਘਾਂਪੂਰਨ ਗੁਣ ਜੋ ਇਕ ਮਹਾਨ ਵਿਅਕਤੀ ਵਿਚ ਹੋਣਾ ਚਾਹੀਦਾ ਹੈ, ਉਹ ਹੈ ਮਾਨਵਤਾ ਦੀ ਰਾਖੀ, ਮਾਨਵੀ ਗੁਣਾਂ ਦਾ ਪ੍ਰਚਾਰ, ਮਾਨਵੀ ਸਿਖਿਆ ਨੂੰ ਅਮਲ ਵਿਚ ਲਿਆਉਣਾ, ਇਨਸਾਨੀਅਤ ਪੜ੍ਹਾਉਣਾ ਅਤੇ ਉਸ ਨੂੰ ਮਨੁੱਖੀ ਭਲਾਈ ਲਈ ਅਮਲ ਵਿਚ ਲਿਆਉਣਾ। ਜੋ ਕੁਝ ਪੜ੍ਹਨ ਉਪਰੰਤ ਸੂਚਨਾ ਮਿਲੀ ਹੈ, ਉਹ ਇਹ ਹੈ ਕਿ ਭਗਵਾਨ ਵਾਲਮੀਕ ਜੀ ਦਾ ਇਕ ਮਹਾਨ ਆਸ਼ਰਮ ਸੀ, ਜਿਸ ਨੂੰ ਰਾਮਾਇਣ ਤੀਰਥ ਕਿਹਾ ਜਾਂਦਾ ਸੀ ਤੇ ਫਿਰ ਸਮਾਂ ਬੀਤ ਜਾਣ 'ਤੇ ਇਹ ਰਾਮ ਤੀਰਥ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਅੱਜ ਵੀ ਉਹ ਨਿਸ਼ਾਨ ਕਾਇਮ ਹੈ ਪਰ ਹੈ ਉਹ ਬਹੁਤ ਹੀ ਮਾੜੀ ਹਾਲਤ ਵਿਚ। ਕੋਈ ਸੰਭਾਲ ਨਹੀਂ ਕਿਸੇ ਵੀ ਸਮਾਜ ਦੇ ਵਰਗ ਦਾ ਉਸ ਦੀ ਉਸਾਰੀ, ਸੁੰਦਰਤਾ ਅਤੇ ਉਸ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਦੀ ਜ਼ਿੰਮੇਵਾਰੀ ਵੱਲ ਕੋਈ ਧਿਆਨ ਨਹੀਂ। ਇਹ ਸਹੀ ਗੱਲ ਹੈ ਕਿ ਜੇਕਰ ਮਹਾਂਰਿਸ਼ੀ ਵਾਲਮੀਕ ਬ੍ਰਾਹਮਣ ਜਾਂ ਖੱਤਰੀ ਅਰਥਾਤ ਆਰੀਆ ਕੁੱਲ ਵਿਚੋਂ ਹੁੰਦੇ ਤਾਂ ਉਹਨਾਂ ਦੇ ਝੰਡੇ ਨਾ ਕੇਵਲ ਭਾਰਤ ਬਲਕਿ ਸਾਰੇ ਸੰਸਾਰ ਵਿਚ ਝੁੱਲਦੇ ਹੁੰਦੇ। ਮਹਾਂਰਿਸ਼ੀ ਵਾਲਮੀਕ ਜੀ ਦਾ ਯੁੱਗ ਉਹ ਸਮਾਂ ਸੀ, ਜਦੋਂ ਆਰੀਆ ਅਤੇ ਅਨਆਰੀਆ ਦੇ ਆਪਸੀ ਝਗੜੇ ਲੱਗਭਗ ਸਮਾਪਤ ਹੋਣ ਵਾਲੇ ਸਨ। ਇਕ ਦੂਜੇ ਦਾ ਆਦਰ-ਕਦਰ ਸ਼ੁਰੂ ਹੋ ਚੁੱਕਾ ਸੀ, ਪਰ ਨਾਗਵੰਸ਼ੀਆਂ ਅਰਥਾਤ ਭੀਲਾਂ ਅਤੇ ਦਰਾਵੜਾਂ ਨੂੰ ਉਹ ਇੱਜ਼ਤਮਾਣ ਪ੍ਰਾਪਤ ਨਹੀਂ ਸੀ, ਜੋ ਉਹਨਾਂ ਨੂੰ ਆਰੀਆ ਦੇ ਭਾਰਤ ਵਿਚ ਦਾਖਲੇ ਤੋਂ ਪਹਿਲਾਂ ਸੀ। ਉਨ੍ਹਾਂ ਦੇ ਗੁਣਾਂ ਦੀ ਵਰਤੋਂ ਤਾਂ ਹੁੰਦੀ ਸੀ ਪਰ ਅੰਦਰਲੀ ਨਫਰਤ ਅਜੇ ਖਤਮ ਨਹੀਂ ਸੀ ਹੋਈ। ਇਸ ਗੱਲ ਦਾ ਸਬੂਤ ਪਾਂਡੋ ਵਧੂ ਦਰੋਪਤੀ ਦੀ ਮਹਾਂਰਿਸ਼ੀ ਵਾਲਮੀਕ ਜੀ ਪ੍ਰਤਿ ਸ਼ੰਕਾ ਕਿ ਉਹਨਾਂ ਨੂੰ ਵੱਖ-ਵੱਖ ਭੋਜਨਾਂ ਦੇ ਸੁਆਦ ਚੱਖਣ ਦੀ ਸੋਝੀ ਨਹੀਂ ਹੈ ਤੇ ਇਕੋ ਟਿੱਪੀ ਵਿਚ ਉਹਨਾਂ ਨੇ ਛੱਤੀ ਪ੍ਰਕਾਰ ਦੇ ਭੋਜਨ ਇਕੱਠੇ ਕਰ ਲਏ ਹਨ। ਇਸ ਸ਼ੰਕਾ ਦਾ ਜੁਰਮਾਨਾ ਇਹ ਹੋਇਆ ਕਿ ਯੱਗ ਦੁਬਾਰਾ ਕਰਨਾ ਪਿਆ ਤੇ ਮਹਾਂਰਿਸ਼ੀ ਵਾਲਮੀਕ ਜੀ ਤੋਂ ਮੁਆਫੀ ਮੰਗੀ ਗਈ ਅਤੇ ਸਪੱਸ਼ਟੀਕਰਨ ਮਿਲਣ ਉਪਰੰਤ ਹੀ ਯੱਗ ਸੰਪੂਰਨ ਹੋਇਆ।

**ਭਗਵਾਨ ਵਾਲਮੀਕ ਆਸ਼ਰਮ, ਅੰਮ੍ਰਿਤਸਰ ਨੂੰ ਸਮਰਪਿਤ, ਸੈਂਟਰਲ ਵਾਲਮੀਕ ਸਭਾ**
**- ਯੂ. ਕੇ. ਵਲੋਂ ਪ੍ਰਕਾਸ਼ਿਤ ਸੋਵੀਨਾਰ ਵਿਚੋਂ ਧੰਨਵਾਦ ਸਹਿਤ**

# ਯੁੱਧ ਕਾਂਡ

**ਰਮਾਇਣ ਦੇ ਯੁੱਧ ਕਾਂਡ ਵਿਚ ਮਹਾਰਿਸ਼ੀ ਵਾਲਮੀਕ ਜੀ ਨੇ ਮਨੁੱਖ ਨੂੰ ਸੁੰਦਰ ਵਿਚਾਰਾਂ ਨਾਲ ਜਾਗ੍ਰਿਤ ਕੀਤਾ ਹੈ। ਜਿਨ੍ਹਾਂ ਵਿਚਾਰਾਂ 'ਤੇ ਅਮਲ ਕਰਕੇ ਮਨੁੱਖ ਸਹਿਜ ਅਵਸਥਾ ਪ੍ਰਾਪਤ ਕਰ ਸਕਦਾ ਹੈ। ਸ੍ਰੀ ਗੁਰਦੇਵ ਲਾਲ ਸੁਰੀਲਾ ਦੀ ਪੁਸਤਕ - ਰਮਾਇਣ ਰੱਸ ਚੋਂ ਧੰਨਵਾਦ ਸਹਿਤ।**

1. ਜੋ ਮਨੁੱਖ, ਦਿਤੇ ਗਏ ਕੰਮ ਨੂੰ ਪੂਰਾ ਕਰਕੇ ਉਸ ਦੇ ਅਨੁਰੂਪ ਦੂਸਰੇ ਕੰਮ ਨੂੰ ਵੀ ਖੁੱਦ ਹੀ ਪੂਰਾ ਕਰ ਲੈਂਦਾ ਹੈ , ਉਸ ਨੂੰ ਉੱਤਮ ਮੰਨਿਆ ਜਾਂਦਾ ਹੈ। ਜੋ ਮਨੁੱਖ ਯੋਗਤਾ ਅਤੇ ਸਮਰੱਥਾ ਹੋਣ 'ਤੇ, ਦਿੱਤੇ ਕੰਮ ਨੂੰ ਪੂਰਾ ਕਰਕੇ ,ਉਸਦੇ ਅਨੁਰੂਪ ਦੂਸਰੇ ਕੰਮ ਨੂੰ ਨਹੀਂ ਕਰਦਾ, ਉਹ ਮੱਧਮ ਸ਼੍ਰੇਣੀ ਵਿਚ ਆਉਂਦਾ ਹੈ। ਜੋ ਮਨੁੱਖ ਸਮਰੱਥਾ ਅਤੇ ਯੋਗਤਾ ਹੋਣ ਦੇ ਬਾਵਜੂਦ ਕੰਮ ਨੂੰ ਧਿਆਨ ਨਾਲ ਪੂਰਾ ਨਹੀਂ ਕਰਦਾ, ਉਹ ਹੇਠਲੀ ਸ਼੍ਰੇਣੀ ਵਿੱਚ ਆਉਂਦਾ ਹੈ। ਅ-1/7-9

2. ਸਾਰਿਆਂ ਨਾਲ ਸਲਾਹ ਕਰਕੇ ਕੰਮ ਕਰਨ ਵਾਲਾ ਉੱਤਮ, ਇਕੱਲਾ ਹੀ ਆਪਣੇ ਆਪ ਵਿਚਾਰ ਕਰਕੇ ਕੰਮ ਕਰਨ ਵਾਲਾ ਮੱਧਮ ਅਤੇ ਜੋ ਬਿਨਾਂ ਗੁਣ ਦੋਸ਼ ਵਿਚਾਰੇ, ਕੰਮ ਸ਼ੁਰੂ ਕਰੇ ਉਹ ਨੀਚ ਪੁਰਸ਼ ਹੁੰਦਾ ਹੈ। ਅ-5/7-9

3. ਮੰਤਵ ਤਿੰਨ ਪ੍ਰਕਾਰ ਦੇ ਹੁੰਦੇ ਹਨ। ਉੱਤਮ ਮੱਤ ਵਿਚ, ਸਾਰੇ ਮੰਤਰੀ ਇਕ ਮੱਤ ਹੋ ਕੇ ਸੋਚਦੇ ਅਤੇ ਇਕਮੱਤ 'ਤੇ ਪਹੁੰਚਦੇ ਹਨ। ਮੱਧਮ ਮੱਤ ਵਿਚ, ਸ਼ੁਰੂ ਵਿੱਚ ਮਤਭੇਦ ਪਰ ਅੰਤ ਉੱਤੇ ਇਕ ਮੱਤ ਉੱਤੇ ਪਹੁੰਚਦੇ ਹਨ ।ਅਧੱਮ (ਨੀਚ) ਮੱਤ ਵਿਚ, ਸ਼ੁਰੂ ਤੋਂ ਕਈ ਪ੍ਰਕਾਰ ਦੇ ਮੱਤ ਭੇਦ ਅਤੇ ਅਖੀਰ ਵਿਚ ਇਕ ਮੱਤ ਹੋਣ 'ਤੇ ਵੀ ਭਲਾਈ ਦੀ ਸੰਭਾਵਨਾ ਨਹੀਂ ਹੈ। ਅ-5/12-14

4. ਨੀਤੀ ਅਤੇ ਅਨੀਤੀ ਤੋਂ ਅਭਿਗ ਅੱਲੜ੍ਹ ਮਨੁੱਖ, ਪਹਿਲਾਂ ਵਾਲੇ ਪਿੱਛੋਂ ਤੇ ਪਿੱਛੋਂ ਵਾਲੇ ਪਹਿਲਾਂ, ਕੰਮ ਕਰਕੇ ਦੁਖੀ ਹੁੰਦਾ ਹੈ। ਅ-12/12

੫. ਰੋਹ ਭਰੇ ਵਿਸ਼ੈਲੇ ਸੱਪ ਨਾਲ ਤਾਂ ਕੋਈ ਰਹਿ ਸਕਦਾ, ਕਿੰਤੂ ਅਜਿਹੇ ਆਦਮੀ ਨਾਲ ਕਦੀ ਨਾ ਰਹੋ, ਜੋ ਮਿੱਤਰ ਅਖਵਾ ਕੇ ਦੁਸ਼ਮਣ ਦੀ ਸੇਵਾ ਕਰ ਰਿਹਾ ਹੋਵੇ। ਅ-16/2

6. ਸੁਆਰਥੀ ਸਾਕਦਾਰ ਹਮੇਸ਼ਾਂ ਦੂਸਰੇ ਨੂੰ ਅਪਮਾਨਤ ਕਰਦੇ, ਤੇ ਮੁਸੀਬਤ ਪੈਣ ਤੇ ਖੁਸ਼ੀ ਮਨਾਉਂਦੇ ਹਨ। ਉਹ ਆਪਣਾ ਦਿਲ ਛੁਪਾ ਕੇ, ਹਰ ਤਰ੍ਹਾਂ ਭਿਆਨਕ ਹੁੰਦੇ ਹਨ। ਅ-16/3-5

7. ਰੰਜਸ਼ ਕਾਰਣ ਸਾਕਦਾਰ ਹੀ, ਦੁਸ਼ਮਣ ਨੂੰ ਭੇਦ ਦੇ ਕੇ ਆਪਣਿਆਂ ਨੂੰ ਫੜਾ ਦਿੰਦੇ ਹਨ। ਅ-16/7,8

8. ਦੁਸ਼ਟ ਲੋਕਾਂ ਦੇ ਦਿਲਾਂ ਵਿਚ ਪ੍ਰੇਮ ਦਾ ਗਿੱਲਾਪਨ ਨਹੀਂ ਹੁੰਦਾ। ਅ-16/12

9. ਜਿਵੇਂ ਭੌਰਾ ਫੁੱਲਾਂ ਦਾ ਰਸ ਤਾਂ ਪੀਂਦਾ ਹੈ, ਪਰ ਉੱਥੇ ਟਿਕਦਾ ਨਹੀਂ, ਉਸੇ ਤਰਾਂ ਦੁਸ਼ਟ ਲੋਕਾਂ ਵਿੱਚ, ਮਿੱਤਰਤਾ ਵਾਲਾ ਪਿਆਰ ਟਿਕਦਾ ਨਹੀਂ। ਅ-16/13

10. ਜਿਵੇਂ ਹਾਥੀ ਨਹਾ ਕੇ, ਧੂੜ ਨਾਲ ਮੁੜ ਦੇਹੀ ਗੰਦੀ ਕਰ ਲੈਂਦਾ ਹੈ, ਉਸੇ ਤਰ੍ਹਾਂ ਦੁਸ਼ਟ ਦੀ ਮਿੱਤਰਤਾ ਵੀ ਮੁੜ ਗੰਦਾ ਕਰ ਦੇਣ ਵਾਲੀ ਹੁੰਦੀ ਹੈ। ਅ-16/15

11. ਮਿਠੀਆਂ ਗੱਲਾਂ ਕਰਨ ਵਾਲੇ ਮਨੁੱਖ ਤਾਂ ਅਸਾਨੀ ਨਾਲ ਮਿਲ ਜਾਂਦੇ ਹਨ, ਪਰ ਸੁਣਨ ਵਿੱਚ ਕੋੜੀ, ਕਿਤੂੰ ਨਤੀਜੇ ਵਲੋਂ ਹਿਤਕਾਰੀ ਗੱਲ, ਕਹਿਣ ਵਾਲੇ ਲੋਕ, ਘੱਟ ਮਿਲਦੇ ਹਨ। ਅ-16/21

12. ਗੱਲਾਂ-ਗੱਲਾਂ ਵਿਚ,ਅਵਾਜ਼ ਦੇ ਭੇਦ ਨਾਲ, ਮਨੁੱਖ ਦੀ ਸਾਫ-ਨੀਅਤ ਜਾਂ ਬੁਰੀ ਨੀਅਤ ਦਾ ਪਤਾ ਲੱਗ ਜਾਂਦਾ ਹੈ।ਅ-17/61

13. ਮੁਸੀਬਤ ਸਮੇਂ, ਆਪਣਿਆਂ ਨੂੰ ਛੱਡਣ ਵਾਲਾ ਮਨੁੱਖ, ਭਰੋਸੇ ਦੇ ਯੋਗ ਨਹੀਂ ਹੈ। ਅ-18/5-7

14. ਬੇਅਕਲ ਮੂਰਖਾਂ ਲਈ, ਖਿੰਮਾਂ ਉਚਿੱਤ ਨਹੀਂ। ਕਿਉਂ ਜੋ ਉਹ ਖਿੰਮਾਂ ਨੂੰ ਕਮਜ਼ੋਰੀ ਸਮਝ ਲੈਂਦੇ ਹਨ।ਅ-21/20

15. ਗਿਆਨ ਰਹਿਤ ਢੀਠਪੁਣੇ ਦੀਆਂ ਗੱਲਾਂ ਬਣਾਉਣ ਵਾਲੇ ਅਤੇ ਆਪਣੇ ਹਿੱਤ ਵਿਚ ਕਾਫੀ ਸੰਪਤੀ ਚਾਹੁਣ ਵਾਲੇ, ਮਨੁੱਖ ਦੀ ਆਖੀ ਹੋਈ ਗੱਲ, ਮੰਨਣੀ ਵਾਜਿਬ ਨਹੀਂ ਹੈ।ਢੀਠਪੁਣੇ ਵਿਚ ਇਹ ਲੋਕ,ਅਹਿੱਤ ਵਾਲੀ ਗੱਲ ਨੂੰ, ਹਿੱਤ ਦਾ ਰੂਪ ਦੇ ਕੇ ਦੱਸਦੇ ਹਨ।ਅ-63/14

16. ਬੁੱਧੀਮਾਨ-ਲੋਕ,ਗੁਜ਼ਰੀ ਬਾਤ ਦਾ ਵਾਰ ਵਾਰ ਦੁੱਖ ਨਹੀਂ ਕਰਦੇ।ਉਹ ਹੁਣ ਤੇ ਆਉਣ ਵਾਲੇ ਸਮੇਂ ਉੱਤੇ ਵਿਚਾਰ ਕਰਦੇ ਹਨ।ਅ-63/25

17. ਸੂਰਵੀਰ-ਮਨੁੱਖ,ਜਲਹੀਣ-ਬੱਦਲਾਂ ਵਾਂਗੂ ਫਜ਼ੂਲ ਗਰਜਣਾ ਨਹੀਂ ਕਰਦੇ ਹਨ।ਅ-65/3

18. ਸੁੱਖ ਚੈਨ ਵਿਚ ਪਲਿਆ ਅਤੇ ਸੁੱਖ ਦੀ ਇਛਾ ਰੱਖਣ ਵਾਲਾ ਮਨੁਖ ਜਿਉਂ ਹੀ ਆਪਣੀ ਧੰਨ-ਦੌਲਤ ਖੋ ਬੈਠਦਾ ਹੈ, ਉਸ ਰਾਹੀਂ ਬੁਰੇ ਕੰਮਾਂ ਦਾ ਸਿਲਸਲਾ ਸ਼ੁਰੂ ਹੋ ਜਾਂਦਾ ਹੈ।ਅ-83/34

*************************

## ਭਗਵਾਨ ਮਹਾਂਰਿਸ਼ੀਨ ਵਾਲਮੀਕ ਜੀ ਦੀ ਵਿਚਾਰਧਾਰਾ 'ਤੇ ਚੱਲਣ ਦੀ ਲੋੜ

ਤ੍ਰੈਕਾਲ ਦਰਸ਼ੀ ਭਗਵਾਨ ਵਾਲਮੀਕ ਜੀ ਦੀ ਵਿਚਾਰਧਾਰਾ ਵਿਸ਼ਵ ਵਿਆਪੀ ਵਿਚਾਰਧਾਰਾ ਹੈ। ਭਾਰਤ ਦਾ ਮੂਲ ਵਾਸੀ ਸਮਾਜ ਬੜਾ ਭਾਗਸ਼ਾਲੀ ਹੈ ਜਿਸ ਦੇ ਰਹਿਬਰਾਂ ਨੇ ਇਸ ਸੰਸਾਰ ਨੂੰ ਅਜਿਹੀ ਵਿਚਾਰਧਾਰਾ ਪ੍ਰਦਾਨ ਕੀਤੀ ਹੈ। ਮੂਲ ਰੂਪ ਵਿਚ ਭਗਵਾਨ ਮਹਾਂਰਿਸ਼ੀ ਵਾਲਮੀਕਿ, ਗੁਰੂ ਨਾਮਦੇਵ, ਗੁਰੂ ਰਵਿਦਾਸ, ਗੁਰੂ ਕਬੀਰ ਜੀ ਦੀ ਵਿਚਾਰਧਾਰਾ ਇਕ ਹੈ ਅਤੇ ਇਹ ਸੰਸਾਰ ਨੂੰ ਕੇਵਲ ਇਕ ਪ੍ਰਮਾਤਮਾ ਦੀ ਹੋਂਦ ਦਾ ਸੰਕਲਪ ਦਿੰਦੀ ਹੈ। ਪ੍ਰੰਤੂ ਅਫਸੋਸ ਦੀ ਗੱਲ ਇਹ ਹੈ ਕਿ ਇਨ੍ਹਾ ਰਹਿਬਰਾਂ ਦੀ ਅੰਸ਼ ਇਸ ਵਿਚਾਰਧਾਰਾ ਤੋਂ ਕੋਹਾਂ ਦੂਰ ਖੜ੍ਹੀ ਹੈ ਅਤੇ ਇਹ ਮੰਨੂਵਾਦੀ ਵਿਚਾਰਧਾਰਾ ਦੇ ਮਗਰ ਲੱਗੀ ਹੋਈ ਹੈ।ਸਾਡਾ ਇਹ ਸਮਾਜ ਅੱਜ ਵੀ ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ ਤੇ ਕਿਸਮਤ ਦੇ ਆਸਰਿਆਂ 'ਤੇ ਜੀ ਰਿਹਾ ਹੈ ਅਤੇ ਥਾਂ-ਥਾਂ 'ਤੇ ਭਟਕ ਰਿਹਾ ਹੈ। ਅਸਲ ਵਿਚ ਇਹ ਸਾਰਾ ਤਾਣਾ-ਬਾਣਾ ਮੂਲਵਾਸੀਆਂ ਨੂੰ ਸਦੀਵੀ ਗੁਲਾਮ ਰੱਖਣ ਲਈ ਬੁਣਿਆ ਗਿਆ ਹੈ ਤੇ ਅੱਜ ਦੇ ਅਤਿ-ਅਧੁਨਿਕ ਯੁੱਗ ਵਿਚ ਵੀ ਇਸ ਨੂੰ ਕਾਇਮ ਰੱਖਣ ਦੀ ਪੂਰੀ ਵਾਹ ਲਾਈ ਜਾ ਰਹੀ ਹੈ। ਚਤੁਰ ਵਰਣ ਨੇ ਸਦੀਆਂ ਤੋਂ ਇਸ ਸਮਾਜ ਵਿਚ ਵੰਡੀਆਂ ਪਾ ਕੇ ਇਸ ਸਮਾਜ ਨੂੰ ਸੰਗਠਿਤ ਨਹੀਂ ਹੋਣ ਦਿੱਤਾ। ਅੱਜ ਵੀ ਓਹੀ ਕੁਝ ਹੋ ਰਿਹਾ ਹੈ। ਸਾਨੂੰ ਇਸ ਤੋਂ ਸੁਚੇਤ ਹੋਣ ਦੀ ਲੋੜ ਹੈ। ਕਿਉਂ ਕਿ ਇਨ੍ਹਾਂ ਰਹਿਬਰਾਂ ਦੀ ਵਿਚਾਰਧਾਰਾ ਇਕ ਹੈ ਇਸੇ ਕਰਕੇ ਗਦਰੀ ਬਾਬੇ ਮੰਗੂ ਰਾਮ ਮੁਗੋਵਾਲ ਜੀ ਨੇ ਆਦਿ-ਧਰਮ ਦੀ ਸਥਾਪਨਾ ਸਮੇਂ ਆਪਣੇ ਰਹਿਬਰ ਭਗਵਾਨ ਮਹਾਂਰਿਸ਼ੀ ਵਾਲਮੀਕ, ਗੁਰੂ ਨਾਮਦੇਵ, ਗੁਰੂ ਰਵਿਦਾਸ, ਗੁਰੂ ਕਬੀਰ ਜੀ ਨੂੰ ਮੰਨਿਆ ਹੈ। ਭਗਵਾਨ ਮਹਾਂਰਿਸ਼ੀ ਵਾਲਮੀਕ ਜੀ ਦੇ ਪਾਵਨ ਪਵਿੱਤਰ ਅਸਥਾਨ ਸ੍ਰੀ ਅੰਮ੍ਰਿਤਸਰ ਜੀ ਦੇ ਸੰਚਾਲਕ ਆਦਰਣੀਯ ਸੰਤ ਪੂਰਨ ਨਾਥ ਜੀ ਵੀ ਇਸੇ ਵਿਚਾਰਧਾਰਾ ਨੂੰ ਪ੍ਰਚਾਰ ਰਹੇ ਹਨ।

ਸੋ ਜੇਕਰ ਦਲਿਤ ਸਮਾਜ ਨੇ ਆਪਣੇ ਖੋਹੇ ਹੋਏ ਹੱਕ ਹਾਸਲ ਕਰਨੇ ਹਨ ਤਾਂ ਉਸ ਨੂੰ ਆਦਿ ਸਮਾਜ ਦੇ ਵਿਰੋਧੀਆਂ ਦੀਆਂ ਕੋਝੀਆਂ ਚਾਲਾਂ ਤੋਂ ਸੁਚੇਤ ਹੋ ਕੇ ਇਕ ਸਾਂਝੇ ਪਲੇਟ ਫਾਰਮ 'ਤੇ ਇਕੱਠੇ ਹੋਣਾ ਚਾਹੀਦਾ ਹੈ। ਵਹਿਮਾਂ-ਭਰਮਾਂ, ਅੰਧਵਿਸ਼ਵਾਸਾਂ, ਕਰਮ-ਕਾਂਡਾਂ, ਮੜੀਆਂ-ਮਸਾਣਾਂ, ਦਰੱਖਤਾਂ, ਜਾਨਵਰਾਂ, ਆਦਿ ਦੀ ਪੂਜਾ ਨੂੰ ਤਿਆਗ ਕੇ ਆਪਣੇ ਇਨ੍ਹਾਂ ਰਹਿਬਰਾਂ ਦੀ ਵਿਚਾਰਧਾਰਾ ਅਨੁਸਾਰ ਇਕ ਪ੍ਰਭ ਦੀ ਪੂਜਾ ਅਤੇ ਸੰਸਾਰਕ ਕਾਰ ਵਿਹਾਰ ਕਰਨੇ ਚਾਹੀਦੇ ਹਨ।

ਸਾਡੇ ਪੜ੍ਹੇ ਲਿਖੇ ਤੇ ਅਮੀਰ ਵਰਗ ਨੂੰ ਅਪੀਲ ਹੈ ਕਿ ਉਹ ਅਪਣੇ ਅਨਪੜ੍ਹ ਤੇ ਗਰੀਬ ਭਰਾਵਾਂ ਨੂੰ ਉੱਚਾ ਚੁੱਕਣ ਲਈ ਅੱਗੇ ਆਵੇ।ਆਪਣੇ ਸਮਾਜ ਦੇ ਬੱਚਿਆਂ ਨੂੰ ਉੱਚੀ ਤੋਂ ਉੱਚੀ ਤਾਲੀਮ ਦੁਆ ਕੇ, ਨਸ਼ਿਆਂ ਦਾ ਤਿਆਗ ਕਰਕੇ, ਆਪਣੀ ਸਿਹਤ ਨੂੰ ਸੁਡੋਲ ਤੇ ਤੰਦਰੁਸਤ ਬਣਾ ਕੇ, ਜੀਅ-ਜਾਨ ਤੇ ਬੁੱਧੀ ਨਾਲ ਸਖਤ ਮਿਹਨਤ ਕਰਕੇ ਖੁਸ਼ਹਾਲ, ਅਮੀਰ ਬਣਿਆ ਜਾ ਸਕਦਾ ਹੈ। ਬਾਬਾ ਸਾਹਿਬ ਡਾ. ਭੀਮਰਾਓ ਅੰਬੇਡਕਰ ਜੀ ਨੇ ਕਿਹਾ ਹੈ, "ਕਿਸਮਤ ਦੀ ਭਾਵਨਾ ਨੇ ਤੁਹਾਨੂੰ ਪੰਗੂ ਅਤੇ ਨਿਰਾਸ਼ਾਵਾਦੀ ਬਣਾ ਦਿੱਤਾ ਹੈ। ਹੱਥ 'ਤੇ ਹੱਥ ਧਰ ਕੇ ਬੈਠੇ ਰਹਿਣ ਨਾਲ ਕੁਝ ਨਹੀਂ ਹੋਣਾ। ਇਸ ਲਈ ਕਿਸਮਤ ਦਾ ਚੱਕਰ ਛੱਡ ਕੇ ਹਿੰਮਤ ਕਰੋ। ਤੁਹਾਡਾ ਅਪਮਾਨ ਤੇ ਇਹ ਦੁਰਦਸ਼ਾ ਤੁਹਾਡੀ ਕਿਸਮਤ ਕਰਕੇ ਨਹੀਂ ਬਲਕਿ ਉੱਚ ਜਾਤੀਆਂ ਦੇ ਛਲ ਕਪਟ ਕਰਕੇ ਹੈ। ਇਸ ਕਰਕੇ ਕਿਸਮਤ 'ਤੇ ਭਰੋਸਾ ਮੱਤ ਕਰੋ, ਆਪਣੀ ਸ਼ਕਤੀ ਵਿਚ ਵਿਸ਼ਵਾਸ਼ ਰੱਖੋ।" ਬਾਬਾ ਸਾਹਿਬ ਨੇ ਹੋਰ ਕਿਹਾ, "ਸਾਡੇ ਲੜਕਿਆਂ ਨੂੰ ਦੋ ਗੱਲਾਂ ਜ਼ਰੂਰ ਸਿੱਖਣੀਆ ਚਾਹੀਦੀਆਂ ਹਨ।ਪਹਿਲੀ ਗੱਲ ਤਾਂ ਇਹ ਕਿ ਉਹਨਾਂ ਨੇ ਸਾਬਿਤ ਕਰਨਾ ਹੈ ਕਿ ਸਿੱਖਿਆ ਬੁੱਧੀ ਤੇ ਯੋਗਤਾ ਦੇ ਮੁਕਾਬਲੇ ਕਿਸੇ ਤਰ੍ਹਾਂ ਵੀ ਪਿੱਛੇ ਨਹੀਂ ਹਨ। ਦੂਸਰੀ ਗੱਲ ਕਿ ਉਹਨਾਂ ਦਾ ਉਦੇਸ਼ ਸਿਰਫ ਆਪਣੇ ਲਈ ਐਸ਼ੋ-ਅਰਾਮ ਦੀ ਜਿੰਦਗੀ ਬਤੀਤ ਕਰਨਾ ਨਹੀਂ ਬਲਕਿ ਆਪਣੀ ਜਾਤ ਦਾ ਨੇਤ੍ਰਿਤਵ (ਅਗਵਾਈ) ਕਰਨਾ ਵੀ ਹੈ ਤਾਂ ਕਿ ਉਹ ਆਜ਼ਾਦ ਹੋ ਸਕੇ ਅਤੇ ਸੰਪੂਰਨ ਸਨਮਾਨਿਤ ਜ਼ੀਦਗੀ ਗੁਜ਼ਾਰ ਸਕੇ।"

***************************

## ਜੈ ਜੈ ਵਾਲਮੀਕ ਭਗਵਾਨ

ਚੰਨ ਗੁਰਾਇਆਂ ਵਾਲਾ

ਜੈ ਜੈ ਵਾਲਮੀਕ ਭਗਵਾਨ, ਜੈ ਜੈ ਵਾਲਮੀਕ ਭਗਵਾਨ।
ਜੱਗ ਤੋਂ ਉੱਚੀ ਕਲਮ ਸੀ ਤੇਰੀ, ਜੱਗ ਤੋਂ ਉਚੀ ਸ਼ਾਨ।
ਜੈ ਜੈ ਵਾਲਮੀਕ ਭਗਵਾਨ, ਜੈ ਜੈ ਵਾਲਮੀਕ ਭਗਵਾਨ।
ਰਣ ਦੇ ਵਿਚ ਜਦ ਹੋਈ ਲੜਾਈ। ਰਾਮ ਦੀ ਸੈਨਾ ਮਾਰ ਮੁਕਾਈ।
ਘੋੜਾ ਫੜ ਕੇ ਕੁਟੀਆ ਲਿਆਂਦਾ, ਅਯੁੱਧਿਆ ਦੇ ਵਿੱਚ ਪਈ ਦੁਹਾਈ।
ਬਾਲ ਉਮਰ ਵਿਚ ਐਸਾ ਦਿੱਤਾ, ਲਵ-ਕੁਸ਼ ਨੂੰ ਵਰਦਾਨ।
ਜੱਗ ਤੋਂ ਉੱਚੀ ਕਲਮ ਸੀ ਤੇਰੀ, ਜੱਗ ਤੋਂ ਉੱਚੀ ਸ਼ਾਨ।
ਜੈ ਜੈ ਵਾਲਮੀਕ ਭਗਵਾਨ, ਜੈ ਜੈ ਵਾਲਮੀਕ ਭਗਵਾਨ।

ਲਛਮਣ ਆਖੇ ਇਹ ਕੀ ਹੋਇਆ। ਕੁੱਜੇ ਵਿਚ ਸਮੁੰਦਰ ਲਕੋਇਆ।
ਇਸ ਜੰਗਲ ਦਾ ਪੱਤਾ ਪੱਤਾ, ਤੀਰਾਂ ਨਾਲ ਪਰੋਇਆ।
ਇਸ ਸ਼ਕਤੀ ਤੋਂ ਡਰਦੇ ਭੱਜ ਗਏ, ਬੜੇ ਬੜੇ ਬਲਵਾਨ।
ਜੱਗ ਤੋਂ ਉੱਚੀ ਕਲਮ ਸੀ ਤੇਰੀ, ਜੱਗ ਤੋਂ ਉੱਚੀ ਸ਼ਾਨ।
ਜੈ ਜੈ ਵਾਲਮੀਕ ਭਗਵਾਨ, ਜੈ ਜੈ ਵਾਲਮੀਕ ਭਗਵਾਨ।

ਸੀਤਾ ਨੇ ਕੀਤੀ ਅਰਜੋਈ। ਬਖਸ਼ ਦਿਓ ਰਾਜੇ ਨਿਰਮੋਹੀ।
ਅੱਗੇ ਵੰਸ਼ ਚਲਾਉਣੇ ਵਾਲਾ, ਹਿੰਦੂਆਂ ਵਿਚ ਬਚਣਾ ਨਹੀਂ ਕੋਈ।
ਲਿਖੇ ਗੁਰਾਇਆਂ ਵਾਲਾ, ਜੱਗ ਤੋਂ ਮਿਟ ਨਾ ਜਾਏ ਨਿਸ਼ਾਨ।
ਜੱਗ ਤੋਂ ਉੱਚੀ ਕਲਮ ਸੀ ਤੇਰੀ, ਜੱਗ ਤੋਂ ਉੱਚੀ ਸ਼ਾਨ।
ਜੈ ਜੈ ਵਾਲਮੀਕ ਭਗਵਾਨ, ਜੈ ਜੈ ਵਾਲਮੀਕ ਭਗਵਾਨ।

**ਅਜਰ ਅਮਰ ਤ੍ਰੈਕਾਲਦਰਸ਼ੀ ਭਗਵਾਨ ਵਾਲਮੀਕਿ ਜੀ ਦੇ**
**ਪ੍ਰਗਟ ਦਿਵਸ ਦੀ ਲੱਖ-ਲੱਖ ਵਧਾਈ**

ਮਾਰਕੀਟ ਵਿੱਚ ਚੱਲ ਰਹੀ ਆਡੀਓ ਸੀ. ਡੀ. ਪ੍ਰਭ ਵਾਲਮੀਕਿ ਨਾਮ ਜਪੋ
ਪ੍ਰਸਿੱਧ ਕੀਰਤਨੀ ਜਥਾ
ਡਾ: ਅਸ਼ੋਕ ਗਿੱਲ, ਲਵਲੀ ਗਿੱਲ, ਮਨੋਹਰ ਸੋਨੀ
ਪਿੰਡ ਤੇ ਡਾ: ਬਹਿਰਾਮ-ਸਰਿਸ਼ਤਾ ਨੇੜੇ ਭੋਗਪੁਰ ਜਿਲ੍ਹਾ ਜਲੰਧਰ
ਮੋਬਾਇਲ-98153-63815, 95014-51505

**ਭਗਵਾਨ ਮਹਾਰਿਸ਼ੀ ਵਾਲਮੀਕ ਜੀ ਦੇ ਪ੍ਰਗਟ ਦਿਵਸ ਦੀ**
**ਸਰਬੱਤ ਸੰਗਤਾਂ ਨੂੰ ਲੱਖ-ਲੱਖ ਵਧਾਈ**

ਕ੍ਰਿਸ਼ਨਾ ਐਂਡ ਪਾਰਟੀ
( ਧਾਰਮਿਕ ਪ੍ਰੋਗਰਾਮਾ ਲਈ ਹਮੇਸ਼ਾਂ ਯਾਦ ਰੱਖੋ )
ਮਕਾਨ ਨੰ:401, ਵਾਰਡ ਨੰ:1, ਮੁਹੱਲਾ ਸੱਗਰਾਂ ਅਦਮਪੁਰ, ਜਲੰਧਰ ।
ਮੋਬਾਇਲ: 98721-89336

**ਭਗਵਾਨ ਮਹਾਰਿਸ਼ੀ ਵਾਲਮੀਕ ਜੀ ਦੇ ਪ੍ਰਗਟ ਦਿਵਸ ਦੀ**
**ਸਰਬੱਤ ਸੰਗਤਾਂ ਨੂੰ ਲੱਖ-ਲੱਖ ਵਧਾਈ**

Web Pixel Mill
N-113, Shiv Nagar, P.O. Industrial Area,
Jalandhar - 144004. INDIA
Web Designing, Web development, Any type of Presentation
Contact No: +91-9914033981, +91-9914033980

ਸੰਪਰਕ ਲਈ ਪਤਾ

ਸ.ਰਛਪਾਲ ਸਿੰਘ ਬੱਧਣ (ਪ੍ਰਧਾਨ)
ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)
ਹੈਡ ਆਫ਼ਿਸ : ਐਨ. ਬੀ. 180, ਪ੍ਰੀਤ ਨਗਰ, ਸੋਢਲ ਰੋਡ, ਜਲੰਧਰ - 144004
ਮੋਬਾਇਲ ਨੰ: 94176-10120

ਸ. ਦਿਲਬਾਗ ਸਿੰਘ (ਦਫ਼ਤਰ ਸਕੱਤਰ)
ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)
ਸਬ ਆਫ਼ਿਸ : ਪਿੰਡ ਤੇ ਡਾ: ਬਿਨਪਾਲਕੇ,
ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ - 144201
ਮੋਬਾਇਲ ਨੰ: 98148-39944